# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172- 5218801, 5218802 ਈ-ਮੇਲ: edusat.punjab@gmail.com


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/2015/7548
ਮਿਤੀ: ..23.. ਅਕਤੂਬਰ, 2015.

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ ਦੀ ਸ਼ਡਿਊਲ (ਮਹੀਨਾ ਨਵੰਬਰ-2015).**

1.0 ਨਵੰਬਰ-2015 ਦੀ ਐਜੂਸੈਟ ਸ਼ਡਿਊਲ, ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ ਅਤੇ ਹੋਰ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ (ਨੱਥੀ)। ਇਸ ਸ਼ਡਿਊਲ ਅਨੁਸਾਰ ਹੀ ਮਿਤੀ 23.10.2015 ਤੋਂ 06.11.2015 ਤੱਕ ਆਖਰੀ 2 ਪੀਰੀਅਡਾਂ (8ਵਾਂ ਅਤੇ 9ਵਾਂ ਪੀਰੀਅਡ) ਵਿੱਚ 8ਵੀਂ/10ਵੀਂ ਜਮਾਤ ਲਈ ਐਨ.ਐਮ.ਐਮ.ਐਸ ਅਤੇ ਐਨ.ਟੀ.ਐਸ.ਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਐਸ.ਸੀ.ਈ.ਆਰ.ਟੀ ਦੇ ਵਿਸ਼ਾ ਮਾਹਿਰਾਂ ਰਾਹੀਂ ਕਰਵਾਈ ਜਾਵੇਗੀ। ਇਸੇ ਤਰ੍ਹਾਂ ਪਹਿਲੇ ਪੀਰੀਅਡ ਵਿੱਚ ਵੀਰਵਾਰ ਅਤੇ ਸ਼ੁਕਰਵਾਰ ਵਾਲੇ ਦਿਨ ਕ੍ਰਮਵਾਰ 6ਵੀਂ ਅਤੇ 7ਵੀਂ ਜਮਾਤ ਲਈ ਸਪੈਸ਼ਲ ਪ੍ਰੋਗਰਾਮ ਕੀਤੇ ਜਾਣਗੇ। ਸ਼ਨੀਵਾਰ ਪਹਿਲੇ ਪੀਰੀਅਡ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਦੇ 12ਵੀਂ ਜਮਾਤ ਲਈ ਅਤੇ ਹਾਈ ਸਕੂਲਾਂ ਦੇ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਪੈਸ਼ਲ ਪ੍ਰੋਗਰਾਮ ਕੀਤਾ ਜਾਵੇਗਾ। ਬਾਕੀ ਦੇ ਰੈਗੂਲਰ ਪ੍ਰੋਗਰਾਮ ਵੀ ਇਸੇ ਸ਼ਡਿਊਲ ਅਨੁਸਾਰ ਹੋਣਗੇ।

1.1 ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈ ਰਹੇ ਹਨ। ਵਿਸ਼ਾ ਅਧਿਆਪਕ ਸਬੰਧਤ ਟਾਪਿਕ ਸਬੰਧੀ ਜਰੂਰੀ ਨੁਕਤੇ ਨਾਲ ਦੀ ਨਾਲ ਬੋਰਡ ਤੇ ਜਰੂਰ ਲਿਖੇ ਅਤੇ ਵਿਦਿਆਰਥੀਆਂ ਨੂੰ ਵੀ ਨੋਟ ਕਰਵਾਏ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਇਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਇਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੋਨ ਰਾਹੀਂ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿੱਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 ਵਿਦਿਆਰਥੀ, ਵਿਸ਼ਾ ਅਧਿਆਪਕ, ਸਕੂਲ ਮੁੱਖੀ ਅਤੇ ਹੋਰ ਸਬੰਧਤ ਆਪਣੀ ਰਾਇ ਈ-ਮੇਲ ਰਾਹੀਂ ਜਰੂਰ ਭੇਜਣ ਤਾਂ ਜੋ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਸਮੂਹ ਪ੍ਰਿੰਸੀਪਲ ਡਾਇਟ ਨਸ਼ਰ ਕੀਤੇ ਪ੍ਰੋਗਰਾਮਾਂ ਦੀ ਹਫਤਾਵਾਰ ਇਵੈਲੂਏਸ਼ਨ ਰਿਪੋਰਟ ਤਿਆਰ ਕਰਵਾ ਕੇ ਡਾਇਰੈਕਟਰ ਐਸ.ਸੀ.ਈ.ਆਰ.ਟੀ ਰਾਹੀਂ ਇਸ ਦਫਤਰ ਨੂੰ ਭੇਜਣ ਜਿਸ ਦੀ ਇਲੈਕਟ੍ਰੋਨਿਕ ਕਾਪੀ ਈ-ਮੇਲ feedbackedusat@gmail.com & punjabedusatevaluation@gmail.com ਤੇ ਭੇਜੀ ਜਾਵੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2015/ਪੀ.ਈ.ਐਸ/ਟਾਈਮ-ਸ਼ਡਿਊਲ/2015/7549
ਮਿਤੀ: 23.10.2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/123/2013/ਪੀ.ਈ.ਐਸ/ਆਰ.ਪੀ/7722, ਮਿਤੀ 28.05.2015 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਇਟ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ